/ —

**ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ**

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਸਿੱਖਿਆ ਭਵਨ**

**ਚੌਥੀ ਮੰਜਿਲ, ਐਸ.ਏ.ਐਸ. ਨਗਰ**

**(ਸੈਕੰਡਰੀ ਸਿੱਖਿਆ ਸ਼ਾਖਾ)**

**ਵੱਲ**

ਪ੍ਰਿੰਸੀਪਲ, ਹੈਡ ਮਾਸਟਰ ਅਤੇ ਇੰਚਾਰਜ ਮਿਡਲ ਸਕੂਲ,
ਸਮੂਹ ਸਰਕਾਰੀ ਸੀਨੀਅਰ ਸੈਕੰਡਰੀ, ਹਾਈ, ਮਿਡਲ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲ

ਮੀਮੋ ਨੰ. ਈ-10093 ਸੈਸਿ (2)/2025368556
ਮਿਤੀ 19/12/2025

ਵਿਸ਼ਾ :- ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ 350 ਵੇਂ ਵਰ੍ਹੇ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 'ਹਿੰਦ ਦੀ ਚਾਦਰ' ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਦਾ 350ਵਾਂ ਵਰ੍ਹਾਂ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਸ਼੍ਰੀ ਗੁਰੂ ਤੇਗ ਬਹਾਦਰ ਜੀ, ਮਾਤਾ ਗੁਜਰੀ ਜੀ ਅਤੇ ਚਾਰ ਸਹਿਬਜ਼ਾਦਿਆਂ ਦੀ ਸ਼ਹਾਦਤ ਅਤੇ ਜੀਵਨ, ਸਿਖਿਆਵਾਂ ਦਾ ਸੁਨੇਹਾ ਵਿਦਿਆਰਥੀਆਂ ਤੱਕ ਪੁੱਜਦਾ ਕਰਨ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 02 ਪਾਠਾਂ ਦੀ ਸੰਖੇਪ ਸਮੱਗਰੀ ਤਿਆਰ ਕੀਤੀ ਗਈ ਹੈ ਜੋ ਕਿ ਪੰਜਾਬ ਦੇ ਸਮੂਹ ਸਰਕਾਰੀ ਸੀਨੀਅਰ ਸੈਕੰਡਰੀ, ਹਾਈ, ਮਿਡਲ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਵਿਦਿਆਰਥੀਆ ਨੂੰ ਮਿਤੀ 22-12-2025 ਅਤੇ 23-12-2025 ਨੂੰ ਹੇਠ ਦਰਜ ਸ਼ਡਿਊਲ ਅਨੁਸਾਰ ਸਵੇਰ ਦੀ ਸਭਾ ਵਿੱਚ ਪੜ੍ਹ ਕੇ ਸੁਣਾਏ ਜਾਣ :-

| ਲੜੀ ਨੰ. | ਮਿਤੀ | ਸ਼ਡਿਊਲ |
|---|---|---|
| 1 | 22-12-2025 | ਦਾਸਤਾਂ-ਏ-ਚਮਕੌਰ |
| 2 | 23-12-2025 | ਦਾਸਤਾਂ-ਏ-ਸਰਹੰਦ |

ਉਪਰੋਕਤ ਸ਼ਡਿਊਲ ਅਨੁਸਾਰ ਆਸ ਕੀਤੀ ਜਾਂਦੀ ਹੈ ਕਿ ਸਬੰਧਤ ਅਦਾਰੇ ਪੂਰੀ ਸ਼ਰਧਾ ਭਾਵਨਾਂ ਤੇ ਜਿੰਮੇਵਾਰੀ ਨਾਲ ਸ਼੍ਰੀ ਗੁਰੂ ਤੇਗ ਬਹਾਦਰ ਜੀ, ਮਾਤਾ ਗੁਜਰੀ ਜੀ ਅਤੇ ਚਾਰ ਸਹਿਬਜ਼ਾਦਿਆਂ ਦਾ ਸੁਨੇਹਾ ਵਿਦਿਆਰਥੀਆਂ ਤੱਕ ਪੁੱਜਦਾ ਕਰਨ ਵਿੱਚ ਸਹਾਈ ਸਿੱਧ ਹੋਣਗੇ। ਸਕੂਲ ਵੱਲੋਂ, ਉਪਰੋਕਤ ਪ੍ਰੋਗਰਾਮ ਦੀ ਫੋਟੋਗ੍ਰਾਫੀ, ਵੀਡਿਓਗ੍ਰਾਫੀ ਆਦਿ ਡਾਕੂਮੈਂਟੇਸ਼ਨ ਕਰਕੇ ਮੀਡੀਆ ਵਿੱਚ ਪਾਉਣ ਉਪਰੰਤ ਉਸਦਾ ਲਿੰਕ ਆਪਣੇ ਅਦਾਰੇ ਦੇ ਲਾਗ-ਇੰਨ.ਆਈ.ਡੀ ਤੇ ਪਾਇਆ ਜਾਵੇ।

19/12/25

ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ)
ਪੰਜਾਬ।

ਪਿੰਠ ਅੰਕਣ ਨੰ. ਉਕਤ/2025368557 ਮਿਤੀ 19/12/2025

ਉਕਤ ਦਾ ਉਤਾਰਾ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਜਿਲ੍ਹੇ ਵਿੱਚ ਉਕਤ ਕੰਮ ਲਈ ਪਹਿਲਾਂ ਨਾਮਜ਼ਦ ਕੀਤੇ ਨੋਡਲ ਅਫਸਰ ਰਾਹੀਂ ਉਕਤ ਸ਼ਡਿਊਲ ਅਨੁਸਾਰ ਸਮੂਹ ਸਰਕਾਰੀ ਸੀਨੀਅਰ ਸੈਕੰਡਰੀ, ਹਾਈ, ਮਿਡਲ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵੱਲੋਂ ਕਾਰਜ ਕਰਨਾ ਯਕੀਨੀ ਬਣਾਇਆ ਜਾਵੇ।

19/12/25

ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ)
ਪੰਜਾਬ।

# ਦਫ਼ਤਰ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ) ਬਠਿੰਡਾ

ਪੱਤਰ ਨੰ: ਲ-6()/ 2025/ਸਪੈਸ਼ਲ ਮਿਤੀ:19.12.2025

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਪੱਤਰ ਵਿੱਚ ਦਰਜ਼ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

**ਜਿਲ੍ਹਾ ਸਿਖਿਆ ਅਫਸਰ(ਸੈ.ਸਿ)**
**ਬਠਿੰਡਾ**

# ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ: ਬਿਖੜੇ ਪੈਂਡੇ ਤੇ ਸ਼ਹੀਦੀਆਂ

ਪੋਹ ਮਹੀਨੇ ਦੀ ਅੱਧੀ ਰਾਤ ਸੀ। ਆਖ਼ਰ ਸੰਗਤਾਂ ਦੇ ਬੇਨਤੀ ਕਰਨ ’ਤੇ ਘਨਘੋਰ ਕਾਲੀ ਰਾਤ ਨੂੰ ਹੀ ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਛੱਡਣ ਦਾ ਫੈਸਲਾ ਹੋਇਆ ਅਤੇ ਫਿਰ ਸ਼ੁਰੂ ਹੋਈ ਬਿਖੜੇ ਪੈਂਡੇ ’ਤੇ ਇਕ ਕਰੜੀ ਯਾਤਰਾ। ਅਸਮਾਨ ਤੋਂ ਤੇਜ਼ ਮੀਂਹ ਵਰਸ ਰਿਹਾ ਸੀ, ਹਵਾ ਬਹੁਤ ਸਰਦ ਜਿਵੇਂ ਤਿੱਖੇ ਤੀਰ ਪਿੰਡੇ ਵਿੱਚ ਵੱਜ ਰਹੇ ਹੋਣ। ਪਿੱਛੇ ਵੈਰੀਆਂ ਦੀਆਂ ਫੌਜਾਂ ਦੀ ਗੂੰਜ, ਤੇ ਅੱਗੇ ਮੌਤ ਦੇ ਖੁੱਲ੍ਹੇ ਦਰਵਾਜ਼ੇ ਵਰਗੀਆਂ ਸਰਸਾ ਨਦੀ ਦੀਆਂ ਗਰਜਦੀਆਂ ਲਹਿਰਾਂ।

ਮਾਤਾ ਗੁਜਰੀ ਜੀ ਨੇ ਆਪਣੇ ਛੋਟੇ ਸਾਹਿਬਜ਼ਾਦਿਆਂ ਨੂੰ ਸੀਨੇ ਨਾਲ ਲਾਇਆ। ਮਾਤਾ ਗੁਜਰੀ ਜੀ ਦੀ ਗੋਦ ਦਾ ਐਸਾ ਸਹਾਰਾ ਜਿਵੇਂ ਕੋਈ ਦੀਵਾ ਹਨੇਰੇ ਵਿਚ ਚਮਕ ਰਿਹਾ ਹੋਵੇ। ਗੁਰੂ ਸਾਹਿਬ ਦਾ ਪਰਿਵਾਰ, ਸੰਗਤ ਅਤੇ ਸਿੱਖ ਜੱਥੇ ਸਰਸਾ ਦੇ ਕੰਢੇ ਇਕੱਠੇ ਹੋਏ। ਬੱਦਲਾਂ 'ਚ ਚਮਕਦੀ ਬਿਜਲੀ ਵਿਚ ਕਦੇ ਕਦੇ ਕੁਝ ਚੇਹਰੇ ਨਜ਼ਰ ਆਉਂਦੇ ਜਾਂ ਸਰਸਾ ਨਦੀ ਵਿਚ ਆਏ ਪਾਣੀ ਦੇ ਤੂਫ਼ਾਨ ਦੀਆਂ ਖੌਫਨਾਕ ਛੱਲਾਂ ਹੀ ਨਜ਼ਰ ਆਉਂਦੀਆਂ।

ਗੁਰੂ ਜੀ ਨੇ ‘ਆਸਾ ਕੀ ਵਾਰ’ ਦੀ ਸੰਪੂਰਨ ਕੀਤੀ ਤੇ ਹੁਕਮ ਕੀਤਾ— "ਸਰਸਾ ਨਦੀ ਪਾਰ ਕਰਨੀ ਹੈ।" ਉਸ ਰਾਤ ਸਰਸਾ ਨਦੀ ਦੇ ਪਾਣੀ ਨੇ ਨਾ ਸਿਰਫ਼ ਸਰੀਰਾਂ ਨੂੰ ਵੰਡਿਆ, ਸਗੋਂ ਸਾਰਾ ਗੁਰੂ ਪਰਿਵਾਰ ਵੀ ਖੇਰੂੰ ਖੇਰੂੰ ਹੋ ਗਿਆ। ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ ਨਾਲ ਇਕ ਪਾਸੇ ਨਿਕਲ ਗਏ। ਗੁਰੂ ਸਾਹਿਬ ਹੋਰ ਪਾਸੇ ਚਲੇ ਗਏ। ਇਹ 7 ਪੋਹ ਦੀ ਰਾਤ ਸੀ ਅਤੇ ਅਗਲਾ ਦਿਨ ਚੜ੍ਹਨ ਉਪਰੰਤ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਝਾੜੀਆਂ ਅਤੇ ਕੰਡਿਆਲੇ ਰਾਹਾਂ ਦਾ ਲੰਬਾ ਪੈਂਡਾ ਤੈਅ ਕਰਦੇ ਰਹੇ। 8 ਪੋਹ ਦੀ ਰਾਤ ਨੂੰ ਉਹ ਮਲਾਹ ਕੁੰਮੇ ਮਾਸ਼ਕੀ ਜੀ ਦੀ ਛੰਨ ਵਿੱਚ ਜਾ ਪੁੱਜੇ। ਕੁੰਮੇ ਮਾਸ਼ਕੀ ਜੀ ਨੇ ਛੰਨ ਵਿੱਚ ਮਾਤਾ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਅਰਾਮ ਕਰਨ ਲਈ ਕਿਹਾ ਅਤੇ ਆਪ ਪਿੰਡ ਤੋਂ ਪ੍ਰਸ਼ਾਦੇ ਦਾ ਪ੍ਰਬੰਧ ਕਰਨ ਚਲੇ ਗਏ। ਮਾਤਾ ਲਛਮੀ ਜੀ ਨਾਮ ਦੀ ਮਾਈ ਪਰਮਾਤਮਾ ਦੀ ਨੇਕ ਭਗਤ ਸੀ ਜੋ ਲੋੜਵੰਦਾਂ ਤੇ ਰਾਹਗੀਰਾਂ ਨੂੰ ਲੰਗਰ ਛਕਾਉਂਦੇ ਸਨ। ਇੱਥੇ ਮਾਤਾ ਲੱਛਮੀ ਜੀ ਨੇ ਸਾਹਿਬਜ਼ਾਦਿਆਂ ਨੂੰ ਭੋਜਨ ਛਕਾਇਆ। ਇਹ ਰਾਤ ਆਰਾਮ ਦੀ ਰਾਤ ਤਾਂ ਨਹੀਂ ਸੀ ਪਰ ਮਾਤਾ ਗੁਜਰੀ ਜੀ ਨੂੰ ਜਾਣ-ਪਛਾਣ ਵਾਲਾ ਇੱਕ ਚਿਹਰਾ ਮਿਲਿਆ—ਉਹ ਸੀ ਗੰਗੂ ਬ੍ਰਾਹਮਣ, ਜੋ ਕਈ ਸਾਲਾਂ ਤੱਕ ਪਰਿਵਾਰ ਦੇ ਨਾਲ ਰਿਹਾ ਸੀ। ਉਸ ਨੇ ਆ ਕੇ ਨਮਸਕਾਰ ਕੀਤੀ ਅਤੇ ਕਿਹਾ:

“ਮਾਤਾ ਜੀ! ਤੁਸੀਂ ਮੇਰੇ ਨਾਲ ਆਓ, ਮੇਰੇ ਘਰ ਤੁਹਾਨੂੰ ਸੁਰੱਖਿਆ ਮਿਲੇਗੀ।”

ਮਾਤਾ ਜੀ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਨਾਲ ਲਿਆ ਅਤੇ ਗੰਗੂ ’ਤੇ ਭਰੋਸਾ ਕਰਦਿਆਂ ਉਸ ਨਾਲ ਚੱਲ ਪਏ। ਰਾਤ ਦੇ ਹਨੇਰੇ ਵਿੱਚ, ਪਿੰਡਾਂ ਦੇ ਸੁੰਨੇ ਰਸਤੇ ਲੰਘਦੇ, ਠਰੂੰ-ਠਰੂੰ ਕਰਦੇ ਉਹ ਗੰਗੂ ਦੇ ਪਿੰਡ ਵੱਲ ਜਾਂਦੇ ਹੋਏ ਰਸਤੇ ਵਿੱਚ ਕਈ ਥਾਵਾਂ ’ਤੇ ਰੁਕਦੇ ਹੋਏ ਫਿਰ ਗੰਗੂ ਦੇ ਪਿੰਡ ਪੁੱਜੇ ਜਿੱਥੇ ਉਸ ਨੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਆਪਣੇ ਘਰ ਆਰਾਮ ਕਰਨ ਲਈ ਕਿਹਾ।

ਮਾਤਾ ਜੀ ਨੂੰ ਇਹ ਨਹੀਂ ਸੀ ਪਤਾ ਕਿ ਅਗਲੀ ਹੀ ਘੜੀ ਵਿੱਚ ਗੰਗੂ ਦਾ ਰੂਪ ਕਿਵੇਂ ਬਦਲਣ ਵਾਲਾ ਹੈ। ਇਹ ਸੋਚਿਆ ਵੀ ਨਹੀਂ ਸੀ ਜਾ ਸਕਦਾ ਕਿ ਸੁਰੱਖਿਆ ਦੇ ਨਾਂ ’ਤੇ ਮਿਲਿਆ ਇਹ ਟਿਕਾਣਾ ਧੋਖੇ ਵਿੱਚ ਬਦਲ ਜਾਵੇਗਾ। ਸ਼ੁਰੂ ਵਿਚ ਗੰਗੂ ਨੇ ਮਿੱਠੇ ਬੋਲ ਬੋਲੇ, ਖਾਣ-ਪੀਣ ਦਾ ਭਰੋਸਾ ਦਿੱਤਾ, ਪਰ ਜਿਵੇਂ ਹੀ ਉਸ ਦੀ ਨਿਗਾਹ ਮਾਤਾ ਜੀ

ਕੋਲ ਪਈ ਗਠੜੀ ’ਤੇ ਪਈ, ਉਸਦਾ ਮਨ ਲਾਲਚ ਨਾਲ ਭਰ ਗਿਆ।ਗੰਗੂ ਨੇ ਰਾਤ ਦੇ ਹਨੇਰੇ ਵਿੱਚ ਉਹ ਕੀਮਤੀ ਗਠੜੀ ਚੁੱਕ ਲਈ। ਜਦ ਮਾਤਾ ਜੀ ਨੇ ਨਰਮ ਸੁਭਾਅ ਨਾਲ ਪੁੱਛਿਆ—
“ਪੁੱਤਰ ਗੰਗੂ, ਰਾਤ ਜੋ ਗਠੜੀ ਤੂੰ ਚੁੱਕੀ ਉਹ ਕਿਸੇ ਸੁਰੱਖਿਅਤ ਥਾਂ ਰੱਖ ਦਿੱਤੀ ਹੈ?”
ਤਾਂ ਗੰਗੂ ਦੀ ਰੂਹ ਦੇ ਅੰਦਰ ਛੁਪਿਆ ਕਾਲਾ ਰੂਪ ਉੱਭਰ ਆਇਆ। ਉਹ ਅੱਗ ਬਬੂਲਾ ਹੋ ਚੀਕਣ ਲੱਗਾ—
“ਤੁਸੀਂ ਮੇਰੇ ਉੱਤੇ ਚੋਰੀ ਦਾ ਦੋਸ਼ ਲਗਾਉਂਦੇ ਹੋ! ਹੁਣੇ ਹੀ ਤੁਹਾਨੂੰ ਮੋਰਿੰਡੇ, ਕੋਤਵਾਲ ਦੇ ਹਵਾਲੇ ਕਰਦਾ ਹਾਂ।”
ਮਾਤਾ ਗੁਜਰੀ ਜੀ ਨੇ ਪ੍ਰੇਮ ਭਰੇ ਬਚਨ ਨਾਲ ਸਮਝਾਇਆ ਪਰ ਧੋਖੇਬਾਜ਼ ਗੰਗੂ ਨਾ ਮੰਨਿਆ ਤੇ ਮੋਰਿੰਡੇ ਨਗਰ ਵੱਲ ਨਿਕਲ ਤੁਰਿਆ...
ਮੁਗਲ ਫੌਜਾਂ ਨੇ ਗੰਗੂ ਦੀ ਇਤਲਾਹ ’ਤੇ ਮੋਰਿੰਡੇ ਆ ਹੱਲਾ ਬੋਲ ਦਿੱਤਾ। ਉਨ੍ਹਾਂ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਨੂੰ ਰਾਤ ਮੋਰਿੰਡੇ ਦੀ ਕੋਤਵਾਲੀ ਵਿੱਚ ਜਾ ਡੱਕਿਆ। ਚਮਕੌਰ ਦੀ ਗੜ੍ਹੀ ਤੋਂ ਹਤਾਸ਼ ਪਰਤਿਆ ਵਜ਼ੀਰ ਖਾਂ ਜਦੋਂ ਸਰਹਿੰਦ ਪੁੱਜਾ ਤਾਂ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੇ ਹਿਰਾਸਤ ਵਿੱਚ ਹੋਣ ਦੀ ਖ਼ਬਰ ਤੋਂ ਬਹੁਤ ਖੁਸ਼ ਹੋਇਆ ਤੇ ਸੋਚਦਾ ਰਿਹਾ ਕਿ ਉਨ੍ਹਾਂ ਨੂੰ ਡਰਾ-ਧਮਕਾ ਕੇ ਇਸਲਾਮ ਕਬੂਲ ਕਰਵਾ ਲਵਾਂਗਾ ਤੇ ਔਰੰਗਜ਼ੇਬ ਤੋਂ ਵੱਡੇ ਇਨਾਮ ਪਾਵਾਂਗਾ। ਗੰਗੂ ਦੇ ਸੂਹ ਦੇਣ ’ਤੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਇਕ ਰਾਤ ਮੋਰਿੰਡੇ ਜੇਲ੍ਹ ਵਿਚ ਰੱਖਿਆ ਗਿਆ ਸੀ। ਅਗਲੇ ਦਿਨ, ਬੇੜੀਆਂ ਵਿੱਚ ਜਕੜ ਕੇ ਮੋਰਿੰਡੇ ਤੋਂ ਸਰਹਿੰਦ ਲਿਆਂਦਾ ਗਿਆ ਅਤੇ ਠੰਢੇ ਬੁਰਜ ਵਿੱਚ ਕੈਦ ਕੀਤਾ ਗਿਆ—ਇੱਕ ਉੱਚੀ ਇਮਾਰਤ, ਜਿਥੇ ਸਿਰਫ਼ ਕੜਾਕੇ ਦੀ ਅੱਤ ਠੰਢੀ ਹਵਾ, ਸਿਰ ’ਤੇ ਕੋਈ ਛੱਤ ਨਹੀਂ ਸਗੋਂ ਖੁੱਲ੍ਹਾ ਅਸਮਾਨ ਤੇ ਬਰਫ ਵਰਗਾ ਠੰਢਾ ਫ਼ਰਸ਼ ਤੇ ਕੰਧਾਂ ਸਨ।
ਮਾਤਾ ਗੁਜਰੀ ਜੀ, ਸਾਰੀ ਰਾਤ ਪੋਤਰਿਆਂ ਨੂੰ ਆਪਣੀ ਗੋਦ ਵਿੱਚ ਲੈ ਕੇ ਸਾਖੀਆਂ ਸੁਣਾਉਂਦੇ, ਤੇ ਗੁਰਬਾਣੀ ਦੇ ਸ਼ਬਦ ਗਾਉਂਦਿਆਂ ਹੌਂਸਲਾ ਦੇਂਦੇ ਰਹਿੰਦੇ। ਉਹਨਾਂ ਨੇ ਬੱਚਿਆਂ ਨੂੰ ਇਹੀ ਸਮਝਾਇਆ ਕਿ ਧਰਮ ਦਾ ਰਾਹ ਹੀ ਜੀਵਨ ਨੂੰ ਅਮਰ ਕਰਦਾ ਹੈ।
ਇੱਥੋਂ ਹੀ 11 ਪੋਹ ਨੂੰ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਕੋਲ਼ ਪੇਸ਼ ਕੀਤਾ ਗਿਆ ਜਿੱਥੇ ਸਾਹਿਬਜ਼ਾਦਿਆਂ ਨੇ ਝੁਕ ਕੇ ਸਲਾਮ ਕਰਨ ਦੀ ਬਜਾਏ ਅਡੋਲਤਾ ਨਾਲ ਫ਼ਤਿਹ ਬੁਲਾਈ। ਇਹ ਮਾਤਾ ਜੀ ਵੱਲੋਂ ਦਿੱਤੀ ਗਈ ਸਿੱਖਿਆ ਦਾ ਨਤੀਜਾ ਸੀ। ਦਰਬਾਰ ਭਰਿਆ ਹੋਇਆ ਸੀ—ਕਾਜ਼ੀ, ਮੁੱਲਾਂ, ਅਧਿਕਾਰੀ ਅਤੇ ਹੋਰ ਬੇਅੰਤ ਲੋਕ ਦਰਬਾਰ ਵਿੱਚ ਹਾਜ਼ਰ ਸਨ। ਵਜ਼ੀਰ ਖ਼ਾ ਨੇ ਬੱਚਿਆਂ ਨੂੰ ਵੇਖ ਕੇ ਨਰਮ ਸੁਰ ਵਿੱਚ ਕਿਹਾ:
“ਬੱਚਿਓ! ਇਸਲਾਮ ਕਬੂਲ ਕਰ ਲਵੋ। ਅਸੀਂ ਤੁਹਾਨੂੰ ਮਹਿਲਾਂ ਵਿੱਚ ਰੱਖਾਂਗੇ, ਖ਼ਜ਼ਾਨਿਆਂ ਨਾਲ ਨਿਵਾਜ਼ਾਂਗੇ। ਤੁਸੀਂ ਰਾਜੇ ਬਣੋਗੇ।”
ਪਰ ਉਹ ਨਿੱਕੇ ਸੂਰਮੇ ਨਿਸ਼ਚੇ ਨਾਲ ਖੜ੍ਹੇ ਰਹੇ। ਬਾਬਾ ਜ਼ੋਰਾਵਰ ਸਿੰਘ ਜੀ ਦੀਆਂ ਅੱਖਾਂ ਚਮਕ ਰਹੀਆਂ ਸਨ। ਇਹ ਪ੍ਰਸੰਗ ਤਿੰਨ ਦਿਨ ਜਾਰੀ ਰਿਹਾ। ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫ਼ਤਿਹ ਸਿੰਘ ਜੀ ਨੂੰ ਦਰਬਾਰ ਵਿੱਚ ਪੇਸ਼ ਕਰਕੇ ਕਈ ਪ੍ਰਕਾਰ ਦੇ ਲਾਲਚ ਦਿੱਤੇ ਜਾਂਦੇ ਪਰ ਸਾਹਿਬਜ਼ਾਦੇ ਅਗੰਮੀ ਦ੍ਰਿੜਤਾ ਨਾਲ ਭਰਪੂਰ ਸਨ।
ਅਗਲੇ ਦਿਨ 12 ਪੋਹ ਨੂੰ ਪੇਸ਼ੀ ਵੇਲੇ ਸਾਹਿਬਜ਼ਾਦਿਆਂ ਨੇ ਫਿਰ ਉਸੇ ਦਲੇਰੀ ਨਾਲ ਫ਼ਤਿਹ ਬੁਲਾਈ। ਸੂਬੇਦਾਰ ਤੇ ਉਸ ਦੇ ਕਰਿੰਦਿਆਂ ਵੱਲੋਂ ਦਿੱਤੇ ਜਾ ਰਹੇ ਵੱਖੋ-ਵੱਖ ਲਾਲਚਾਂ ਦਾ ਮੂੰਹ ਭੰਨਿਆ। ਵਜ਼ੀਰ ਖਾਂ ਨੇ ਮਲੇਰਕੋਟਲਾ ਦੇ ਨਵਾਬ ਸ਼ੇਰ ਖਾਂ ਨੂੰ ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋਏ ਨਵਾਬ ਦੇ ਭਰਾ ਨਾਹਰ ਖਾਂ ਅਤੇ ਭਾਣਜੇ ਖਿਜ਼ਰ ਖਾਂ ਦੀ ਮੌਤ ਦਾ ਬਦਲਾ ਲੈਣ ਲਈ ਸਾਹਿਬਜ਼ਾਦਿਆਂ ਨੂੰ ਸਜ਼ਾ ਦੇਣ ਦੀ ਪੇਸ਼ਕਸ਼ ਕੀਤੀ ਪਰ ਸ਼ੇਰ ਖਾਂ ਨੇ ਕਿਹਾ,

"ਮੇਰਾ ਭਰਾ ਜੰਗ ਵਿੱਚ ਲੜਦਾ ਮਰਿਆ ਹੈ। ਬਦਲਾ ਮੈਂ ਗੁਰੂ ਗੋਬਿੰਦ ਸਿੰਘ ਤੋਂ ਤਾਂ ਲੈ ਸਕਦਾ ਹਾਂ, ਉਨ੍ਹਾਂ ਦੇ ਬੱਚਿਆਂ ਤੋਂ ਨਹੀਂ।"
ਅੱਲ੍ਹਾ ਯਾਰ ਖਾਂ ਜੋਗੀ ਸ਼ੇਰ ਖਾਂ ਦਾ ਜਵਾਬ ਇਵੇਂ ਲਿਖਦੇ ਹਨ:-

ਬਦਲਾ ਲੇਨਾ ਹੋਗਾ ਤੋ ਲੇਂਗੇ ਬਾਪ ਸੇ।
ਮਹਿਫ਼ੂਜ਼ ਰਖੇ ਹਮ ਕੋ ਖ਼ੁਦਾ ਐਸੇ ਪਾਪ ਸੇ।

ਹਰ ਰਾਤ ਮੋਤੀ ਰਾਮ ਮਹਿਰਾ ਜੀ ਆਪਣੀ ਜਾਨ 'ਤੇ ਖੇਡ ਕੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਲਈ ਦੁੱਧ ਲੈ ਕੇ ਠੰਢੇ ਬੁਰਜ ਤੱਕ ਪੁੱਜ ਗਏ ਸਨ। ਸੂਬੇਦਾਰ ਕੋਲ ਰਸੋਈ ਵਿੱਚ ਕੰਮੀਂ ਲੱਗੇ ਮੋਤੀ ਰਾਮ ਮਹਿਰਾ ਵੱਲੋਂ ਕੀਤੀ ਗਈ ਗੁਰੂ ਪਰਿਵਾਰ ਦੀ ਇਸ ਸੇਵਾ ਦਾ ਪਤਾ ਲੱਗਣ 'ਤੇ ਉਨ੍ਹਾਂ ਦੇ ਸਾਰੇ ਪਰਿਵਾਰ ਨੂੰ ਮੁਗ਼ਲ ਹਕੂਮਤ ਨੇ ਕੋਹਲੂ ਵਿੱਚ ਪੀੜਨ ਦਾ ਤਸੀਹਾ ਦੇ ਕੇ ਖ਼ਤਮ ਕਰ ਦਿੱਤਾ।
ਹਕੂਮਤ ਵੱਲੋਂ ਬਹੁਤ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਜਦੋਂ ਗੁਰੂ ਕੇ ਲਾਲ ਆਪਣੇ ਧਰਮ 'ਤੇ ਅਟੱਲ ਰਹੇ ਤਾਂ ਫਿਰ ਫੈਸਲਾ ਹੋਇਆ, "ਇਹਨਾਂ ਬੱਚਿਆਂ ਨੂੰ ਕੰਧਾਂ ਵਿੱਚ ਚਿਣਿਆ ਜਾਏ!"
ਇੱਟਾਂ ਚਿਣਨੀਆਂ ਸ਼ੁਰੂ ਕਰ ਦਿਤੀਆਂ ਗਈਆਂ ਕੰਧ ਉੱਚੀ ਹੁੰਦੀ ਗਈ, ਪਰ ਬੱਚਿਆਂ ਦੇ ਬੁੱਲ੍ਹਾਂ 'ਤੇ ਸਿਰਫ਼ "ਵਾਹਿਗੁਰੂ" ਦਾ ਨਾਮ ਸੀ। ਲੋਕਾਂ ਦੀਆਂ ਅੱਖਾਂ ਵਿਚੋਂ ਹੰਝੂ ਵਹਿਣ ਲੱਗੇ, ਪਰ ਉਹ ਏਨੀ ਨਿਕੀ ਉਮਰੇ ਅਡੋਲ ਖੜ੍ਹੇ ਰਹੇ। ਉਹਨਾਂ ਦੀਆਂ ਅੱਖਾਂ ਵਿੱਚ ਡਰ ਨਹੀਂ ਸੀ, ਸਿਰਫ਼ ਚਮਕ ਸੀ, ਰੂਹਾਨੀ ਨੂਰ ਸੀ।
ਅੰਤ ਵਿੱਚ, ਜਦੋਂ ਉਹਨਾਂ ਨੂੰ ਕੰਧਾਂ ਵਿਚ ਚਿਣ ਦਿੱਤਾ ਗਿਆ, ਤਾਂ ਉਹ ਸ਼ਹੀਦੀਆਂ ਪਾ ਸਦਾ ਲਈ ਇਤਿਹਾਸ ਵਿੱਚ ਅਮਰ ਹੋ ਗਏ। ਇਹ ਖ਼ਬਰ ਜਦੋਂ ਮਾਤਾ ਗੁਜਰੀ ਜੀ ਨੂੰ ਪਹੁੰਚੀ, ਤਾਂ ਉਹਨਾਂ ਨੇ ਅਰਦਾਸ ਕੀਤੀ — "ਹੇ ਵਾਹਿਗੁਰੂ! ਮੇਰੇ ਪੋਤਰਿਆਂ ਦੀ ਸ਼ਹੀਦੀ ਪ੍ਰਵਾਨ ਕਰਨਾ। ਠੰਢੇ ਬੁਰਜ ਵਿੱਚ ਹੀ ਮਾਤਾ ਗੁਜਰੀ ਜੀ ਵੀ ਸ਼ਹੀਦੀ ਪ੍ਰਾਪਤ ਕਰ ਗਏ। ਉਹ ਵੀ ਸਿੱਖੀ ਸਿਦਕ ਤੋਂ ਕਦੇ ਲਾ ਡੋਲੇ।
ਸਰਹਿੰਦ ਦੇ ਨਿਰਦਈ ਹਾਕਮ ਨੇ ਉਹਨਾਂ ਦਾ ਅੰਤਿਮ ਸਸਕਾਰ ਕਰਨ ਲਈ ਜ਼ਮੀਨ ਤੱਕ ਨਾ ਦਿੱਤੀ। ਪਰ ਗੁਰੂ ਘਰ ਦੇ ਸੱਚੇ ਸੇਵਾਦਾਰ ਦੀਵਾਨ ਟੋਡਰ ਮੱਲ ਨੇ ਛੇ ਫੁੱਟ ਜ਼ਮੀਨ ਸੋਨੇ ਦੀਆਂ ਮੋਹਰਾਂ ਬਦਲੇ ਖਰੀਦੀ ਤੇ ਫਿਰ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ। ਉਸ ਥਾਂ ਤੇ ਅੱਜ ਗੁਰਦੁਆਰਾ ਜੋਤੀ ਸਰੂਪ ਸਾਹਿਬ ਸੁਸ਼ੋਭਿਤ ਹੈ।
ਮਾਤਾ ਗੁਜਰੀ ਜੀ ਦੀ ਪ੍ਰੇਰਣਾ ਤੇ ਸਿੱਖਿਆ ਨੇ ਸਾਹਿਬਜ਼ਾਦਿਆਂ ਨੂੰ ਧਰਮ ਦੀ ਖ਼ਾਤਰ ਆਪਣੀ ਸ਼ਹਾਦਤ ਦੇ ਰਾਹ ਤੋਰਿਆ ਅਤੇ ਖੁਦ ਵੀ ਸ਼ਹੀਦੀ ਪ੍ਰਾਪਤ ਕਰ ਗਏ। ਉਹ ਸਿਰਫ਼ ਇਕ ਮਾਂ ਹੀ ਨਹੀਂ ਸਨ, ਸਗੋਂ ਉਹ ਸਹਿਨਸ਼ੀਲਤਾ, ਪ੍ਰੇਮ, ਹੌਂਸਲੇ ਅਤੇ ਅਣਖ ਦੀ ਜੀਵੰਤ ਮਿਸਾਲ ਹਨ।
ਹਕੀਮ ਅੱਲ੍ਹਾ ਯਾਰ ਖਾਂ ਜੋਗੀ ਜੀ ਦਾ ਇਕ ਮਰਸੀਆ ਵਰਨਣ ਕੀਤੇ ਬਗ਼ੈਰ ਅਕੀਦਤ ਅਧੂਰੀ ਹੈ:-

ਬੱਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲੀਯੇ।
ਕਟਾਏ ਬਾਪ ਨੇ ਬੱਚੇ ਜਹਾਂ ਖ਼ੁਦਾ ਕੇ ਲੀਯੇ।
ਭਟਕਤੇ ਫ਼ਿਰਤੇ ਹੈਂ ਕਿਉਂ, ਹੱਜ ਕਰੇਂ ਯਹਾਂ ਆ ਕਰ।
ਯਿ ਕਾਬਾ ਪਾਸ ਹੈ ਹਰ ਏਕ ਖਾਲਸਾ ਕੇ ਲੀਯੇ।